**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

ਨੰ: ਪਸਸਬ-ਕਸ-2022/77

ਮਿਤੀ: 14/03/2022

ਵੱਲ

ਸਮੂਹ ਸਕੂਲ ਮੁਖੀ/ਹੈਡਮਾਸਟਰ

ਐਲੀਮੈਂਟਰੀ ਸਿੱਖਿਆ,

ਪੰਜਾਬ ਰਾਜ।

**ਵਿਸ਼ਾ: ਪੰਜਵੀਂ ਸ਼੍ਰੇਣੀ ਪਰੀਖਿਆ ਮਾਰਚ 2022 (ਟਰਮ-2) ਦੇ ਕੁੱਝ ਪੇਪਰਾਂ ਨੂੰ ਮੁਲਤਵੀ ਕਰਨ ਬਾਰੇ।**

ਉਕਤ ਵਿਸ਼ੇ ਸਬੰਧੀ ਸੂਚਨਾ ਹਿੱਤ ਲਿਖਿਆ ਜਾਂਦਾ ਹੈ ਕਿ ਪੰਜਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ ਜੋ ਕਿ ਮਿਤੀ: 15.03.2022 ਤੋਂ 23.03.2022 ਤੱਕ ਕਰਵਾਈਆਂ ਜਾਣੀਆਂ ਸਨ, ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਕਾਰਣਾਂ ਕਰਕੇ ਡੇਟ-ਸ਼ੀਟ ਵਿੱਚ ਦਰਜ ਮਿਤੀਆਂ 15.03.2022, 16.03.2022, 17.03.2022 ਅਤੇ 21.03.2022 ਨੂੰ ਹੋਣ ਵਾਲੀਆਂ ਪਰੀਖਿਆਵਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਮਿਤੀ: 22.03.2022 ਅਤੇ 23.03.2022 ਨੂੰ ਹੋਣ ਵਾਲੀਆਂ ਪਰੀਖਿਆਵਾਂ ਜਾਰੀ ਕੀਤੀ ਡੇਟ-ਸ਼ੀਟ ਦੇ ਸ਼ਡਿਊਲ ਅਨੁਸਾਰ ਹੋਣਗੀਆਂ।

ਉਕਤ ਮਿਤੀਆਂ 15.03.2022 ਤੋਂ 21.03.2022 ਤੱਕ ਮੁਲਤਵੀ ਕੀਤੀਆਂ ਗਈਆਂ ਪਰੀਖਿਆਵਾਂ ਬਾਰੇ ਪਰੀਖਿਆਰਥੀਆਂ ਨੂੰ ਸੂਚਿਤ ਕੀਤਾ ਜਾਵੇ, ਜੇਕਰ ਕੋਈ ਪਰੀਖਿਆਰਥੀ ਪਰੀਖਿਆ ਦੇਣ ਸਕੂਲਾਂ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਦੀ ਇਹ ਪਰੀਖਿਆ ਨਾ ਲਈ ਜਾਵੇ ਅਤੇ ਉਹਨਾਂ ਨੂੰ ਸਮਝਾ ਕੇ ਘਰ ਵਾਪਿਸ ਭੇਜ ਦਿੱਤਾ ਜਾਵੇ।

ਮੁਲਤਵੀ ਕੀਤੇ ਗਏ ਵਿਸ਼ਿਆਂ ਦੀ ਪਰੀਖਿਆ ਮਿਤੀ: 25.03.2022 ਤੋਂ 01.04.2022 ਤੱਕ ਕਰਵਾਈ ਜਾਵੇਗੀ। ਰਿਵਾਈਜ਼ਡ ਡੇਟਸ਼ੀਟ ਅਤੇ ਵਧੇਰੇ ਜਾਣਕਾਰੀ ਬੋਰਡ ਦੀ ਵੈੱਬ-ਸਾਈਟ www.pseb.ac.in 'ਤੇ ਉਪਲੱਬਧ ਕਰਵਾ ਦਿੱਤੀ ਜਾਵੇਗੀ।

ਸਹਾਇਕ ਸਕੱਤਰ (ਕ.ਸ)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਅਫ਼ਸਰ

ਪਿੱਠ ਅੰਕਣ ਨੰ: ਪਸਸਬ-ਸਸ(ਕ.ਸ)-2022/78 ਮਿਤੀ:14/03/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:-

1. ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ)
2. ਸਮੂਹ ਜ਼ਿਲ੍ਹਾ ਮੈਨੇਜਰ, ਖੇਤਰੀ ਦਫ਼ਤਰ
   ਪੰਜਾਬ ਸਕੂਲ ਸਿੱਖਿਆ ਬੋਰਡ

ਸਹਾਇਕ ਸਕੱਤਰ (ਕ.ਸ)
14/3/22

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਅਫ਼ਸਰ